File No.SED-EDU303/50/2022-3EDU3

I/404662/2022

Regd.

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਸੇਵਾ ਵਿਖੇ,

ਪ੍ਰਿੰਸੀਪਲ,
ਮਾਊਂਟ ਲਿਟਰਾ ਜ਼ੀ ਸਕੂਲ,
ਖਡੂਰ ਸਾਹਿਬ ਰੋਡ, ਤਰਨ ਤਾਰਨ (143401)।

ਮਿਤੀ, ਚੰਡੀਗੜ੍ਹ: 5/8/2022

ਵਿਸ਼ਾ ਮਾਊਂਟ ਲਿਟਰਾ ਜ਼ੀ ਸਕੂਲ ਦੇ ਐਨ.ਓ.ਸੀ. ਕੇਸ ਸਬੰਧੀ।

ਉਪਰੋਕਤ ਵਿਸ਼ੇ ਤੇ ਆਪ ਵੱਲੋਂ epunjabschool.gov.in ਪੋਰਟਲ ਤੇ ਐਪਲੀਕੇਸ਼ਨ ਨੰ. 6035443D81 ਰਾਹੀਂ ਅਪਲਾਈ ਕੀਤੇ ਕੇਸ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਸਰਕਾਰ ਪਾਸ ਦਫਤਰ ਡੀ.ਪੀ.ਆਈ. ਰਾਹੀਂ ਆਪ ਦੇ ਸਕੂਲ ਦਾ ਕੇਸ ਪ੍ਰਾਪਤ ਹੋਇਆ ਹੈ। ਕੇਸ ਘੋਖਣ ਉਪਰੰਤ ਹੇਠ ਅਨੁਸਾਰ ਤਰੁੱਟੀਆਂ ਪਾਈਆਂ ਗਈਆਂ ਹਨ:

i. ਆਪ ਵੱਲੋਂ ਜਮੀਨ ਦੇ ਸਿੰਗਲ ਪਲਾਟ ਹੋਣ ਸਬੰਧੀ ਦਸਤਾਵੇਜ ਸਹੀ ਨਹੀਂ ਹੈ ਅਤੇ ਸਮਰੱਥ ਅਥਾਰਟੀ ਤੋਂ ਤਸਦੀਕ ਨਹੀਂ ਹੈ। ਆਪ ਵੱਲੋਂ ਜ਼ਮੀਨ ਸਬੰਧੀ ਨੱਥੀ ਕੀਤੇ ਦਸਤਾਵੇਜ ਪੜ੍ਹਨਯੋਗ ਨਹੀਂ ਹਨ।

ii. ਆਪ ਵੱਲੋਂ ਬਿਲਡਿੰਗ ਪਲਾਨ ਦਾ ਜੋ ਨਕਸ਼ਾ ਪ੍ਰਾਈਵੇਟ ਆਰਕੀਟੈਕਟ ਤੋਂ ਤਸਦੀਕ ਕਰਵਾ ਕੇ ਨੱਥੀ ਕੀਤਾ ਗਿਆ ਹੈ ਉਸ ਤੇ ਜਿਲ੍ਹਾ ਨਗਰ ਯੋਜਨਾਕਾਰ ਦੇ ਪੱਤਰ ਮਿਤੀ 16.05.2020 ਦਾ ਜ਼ਿਕਰ ਹੈ ਪਰੰਤੂ ਇਹ ਦਸਤਾਵੇਜ ਨੱਥੀ ਨਹੀਂ ਹੈ।

iii. ਆਪ ਵੱਲੋਂ ਸਕੂਲ ਦਾ ਸਟਾਫ ਨੂੰ ਤਨਖਾਹ ਦੇਣ ਸਬੰਧੀ ਲਿੱਖਿਆ ਗਿਆ ਹੈ ਕਿ ਕੋਵਿਡ ਕਾਰਨ ਸਟਾਫ ਨੂੰ ਤਨਖਾਹ ਹੱਥੀ ਦਿੱਤੀ ਜਾਂਦੀ ਸੀ ਅਤੇ ਭਵਿੱਖ ਵਿੱਚ ਬੈਂਕ ਖਾਤੇ ਖੁਲਵਾ ਕੇ ਤਨਖਾਹ ਦੇਵਾਂਗੇ। ਪਰੰਤੂ ਆਪ ਵੱਲੋਂ ਸਕੂਲ ਸਥਾਪਨਾ ਸਬੰਧੀ ਦਸਤਾਵੇਜ ਅਨੁਸਾਰ ਸਕੂਲ 2017 ਤੋਂ ਚਲਾਇਆ ਜਾ ਰਿਹਾ ਹੈ।

3. ਆਪ ਨੂੰ ਲਿੱਖਿਆ ਜਾਂਦਾ ਹੈ ਕਿ ਉਕਤ ਤਰੁੱਟੀਆਂ ਦੂਰ ਕਰਕੇ ਸਰਕਾਰ ਨੂੰ ਲੋੜੀਂਦੇ ਦਸਤਾਵੇਜ ਮੁਹੱਈਆ ਕਰਵਾਏ ਜਾਣ। ਜੇਕਰ ਇਸ ਸਮੇਂ ਦੌਰਾਨ ਆਪ ਵੱਲੋਂ ਜਮ੍ਹਾ ਕਰਵਾਏ ਕਿਸੇ ਸਰਟੀਫਿਕੇਟ ਦੀ ਮਿਆਦ ਖਤਮ ਹੋ ਜਾਂਦੀ ਹੈ ਤਾਂ ਉਹ ਸਰਟੀਫਿਕੇਟ ਰਿਨਿਊ ਕਰਵਾ ਕੇ ਜਮ੍ਹਾ ਕਰਵਾਏ ਜਾਣ।

ਸੁਪਰਡੰਟ